# ਮੇਰੀ ਬੁਢੇਪਾ ਦੇਖਭਾਲ

ਮੇਰੀ  ਬੁਢੇਪਾ ਦੇਖਭਾਲ ਆਸਟਰੇਲੀਆ ਸਰਕਾਰ ਪ੍ਰਦਾਨ ਕਰਦੀ ਹੈ ਅਤੇ ਲੋਕਾਂ ਨੂੰ ਉਨ੍ਹਾਂ ਦੀਆਂ ਲੋੜਾਂ ਅਨੁਸਾਰ  ਸਹੀ ਬੁਢੇਪਾ ਦੇਖਭਾਲ ਸੇਵਾਵਾਂ ਤੱਕ ਪਹੁੰਚ ਲਈ ਸਹਾਇਤਾ ਕਰਦੀ ਹੈ।

**ਯੋਗ ਹੋਣ ਲਈ, ਹਰ ਵਿਅਕਤੀ ਲਈ ਲਾਜ਼ਮੀ ਹੈ:**
**ਉਮਰ 65 ਸਾਲ ਜਾਂ ਵੱਧ (ਆਦੀਵਾਸੀ ਜਾਂ ਟੋਰੇਸ ਸਟ੍ਰੇਟ ਆਈਲੈਂਡਰ ਲੋਕਾਂ ਲਈ 50 ਸਾਲ ਜਾਂ ਵੱਧ)**
**ਘਰ, ਥੋੜ੍ਹੀ ਮਿਆਦ ਅਤੇ ਰਿਹਾਇਸ਼ੀ ਦੇਖਭਾਲ ਨਾਲ ਜੁੜੀਆਂ ਫੀਸਾਂ ਹਨ **
**ਸੰਭਾਲ ਦੇ ਵੱਖ-ਵੱਖ ਵਿਕਲਪਾਂ ਬਾਰੇ ਹੇਠਾਂ ਜਾਣੋ:**

## • ਘਰੇਲੂ ਸਹਾਇਤਾਵਾਂ

### ਸੀਐਚਐਸਪੀ: ਕਾਮਨਵੈਲਥ ਹੋਮ ਸਪੋਰਟ ਪ੍ਰੋਗਰਾਮ

ਐਂਟਰੀ-ਲੈਵਲ ਜਾਂ ਘੱਟ ਦੇਖਭਾਲ ਵਾਲੀਆਂ ਲੋੜਾਂ ਲਈ ਕਾਮਨਵੈਲਥ ਹੋਮ ਸਪੋਰਟ ਪ੍ਰੋਗਰਾਮ|

### ਐਚਸੀਪੀ ਹੋਮ ਕੇਅਰ ਪੈਕੇਜ

ਵਧੇਰੇ ਉੱਚ ਪੱਧਰੀ ਜਾਂ ਗੁੰਝਲਦਾਰ ਦੇਖਭਾਲ ਲੋੜਾਂ ਲਈ ਹੋਮ ਕੇਅਰ ਪੈਕੇਜ। ਵੱਖ-ਵੱਖ ਵਿੱਤੀ ਰਾਸ਼ੀ ਨਾਲ ਐਚਸੀਪੀ ਦੇ ਚਾਰ ਪੱਧਰ ਹਨ। ਫੀਸਾਂ ਬਾਰੇ ਜਾਣਕਾਰੀ ਲਈ ਮੇਰੀ ਬੁਢੇਪਾ ਦੇਖਭਾਲ ਤੋਂ ਸਲਾਹ ਲਓ।

## • ਕਿਸੇ ਬੁਢੇਪਾ ਦੇਖਭਾਲ ਕੇਂਦਰ ਵਿਖੇ ਦੇਖਭਾਲ

### ਥੋੜ੍ਹੀ ਮਿਆਦ ਵਾਲੀ ਦੇਖਭਾਲ

ਦੇਖਭਾਲ ਦੀਆਂ ਤਿੰਨ ਕਿਸਮਾਂ ਹਨ.

1. **ਰਾਹਤ ਦੇਖਭਾਲ** - ਭਾਗੀਦਾਰਾਂ ਅਤੇ ਦੇਖਭਾਲ ਕਰਤਾਵਾਂ ਲਈ ਥੋੜ੍ਹੀ ਮਿਆਦ ਦੀਆਂ ਛੁੱਟੀਆਂ|
2. **ਪੁਨਰ-ਸਥਾਪਨਾ ਦੇਖਭਾਲ** - ਰੋਜ਼ਮਰ੍ਹਾ ਕੰਮਾਂ ਵਿੱਚ ਮੁਸ਼ਕਲਾਂ ਨੂੰ ਹੱਲ ਕਰਨ ਜਾਂ ਮੱਧਮਕਰਨ ਵਿੱਚ  ਸਹਾਇਤਾ ਕਰਦੀ ਹੈ|
3. **ਪਰਿਵਰਤਨ ਦੇਖਭਾਲ** - ਹਸਪਤਾਲ ਵਿੱਚ ਰਹਿਣ ਤੋਂ ਬਾਅਦ ਠੀਕ ਹੋਣ ਲਈ|

### ਰਿਹਾਇਸ਼ੀ ਦੇਖਭਾਲ

ਉਹਨਾਂ ਲੋਕਾਂ ਲਈ ਜੋ ਘਰੇ ਨਹੀਂ ਰਹਿ ਸਕਦੇ ਅਤੇ  ਜਿਨ੍ਹਾਂ ਨੂੰ ਰੋਜ਼ਮਰ੍ਹਾ ਕੰਮਾਂ ਜਾਂ ਸਿਹਤ ਦੇਖਭਾਲ ਲਈ ਨਿਰੰਤਰ ਸਹਾਇਤਾ ਦੀ ਲੋੜ ਹੈ।

**ਮੇਰੀ ਬੁਢੇਪਾ ਦੇਖਭਾਲ ਸੰਪਰਕ ਵੇਰਵੇ:** 1800 200 422 www.myagedcare.gov.au

# ਮੇਰੀ ਬੁਢੇਪਾ ਦੇਖਭਾਲ

## ਕੰਮ ਅਤੇ ਜ਼ਿੰਮੇਵਾਰੀਆਂ

## ਸੰਘੀ ਸਰਕਾਰ

### ਮੇਰੀ ਬੁਢੇਪਾ ਦੇਖਭਾਲ ਨੂੰ ਫੰਡ ਦਿਓ

**ਘਰੇਲੂ ਸਹਾਇਤਾ ਸੇਵਾਵਾਂ ਵਿੱਚ ਸ਼ਾਮਲ ਹੋ ਸਕਦੇ ਹਨ:**

- ਕਾਮਨਵੈਲਥ ਹੋਮ ਸਪੋਰਟ ਪ੍ਰੋਗਰਾਮ (ਸੀਐਚਐਸਪੀ)
- ਹੋਮ ਕੇਅਰ ਪੈਕੇਜ ਪ੍ਰੋਗਰਾਮ (ਐਚਸੀਪੀ)
- ਸਹਿਯੋਗੀ ਸਿਹਤ ਅਤੇ ਇਲਾਜ
- ਘਰੇਲੂ ਸਹਾਇਤਾ: ਨਿੱਜੀ ਦੇਖਭਾਲ, ਸਫਾਈ ਅਤੇ ਸ਼ੌਪਿੰਗ
- ਸਮਾਜਿਕ ਸਹਾਇਤਾ
- ਘਰ ਦੀ ਸਾਂਭ-ਸੰਭਾਲ
- ਖਾਣਾ ਅਤੇ ਹੋਰ ਭੋਜਨ ਸੇਵਾਵਾਂ
- ਆਵਾਜਾਈ
- ਰਾਹਤ

**ਬੁਢੇਪਾ ਦੇਖਭਾਲ ਘਰੇਲੂ ਸੇਵਾਵਾਂ ਵਿੱਚ ਸ਼ਾਮਲ ਹਨ:**

- ਰਿਹਾਇਸ਼ੀ ਬੁਢੇਪਾ ਦੇਖਭਾਲ ਨਿਵਾਸ
- ਭੋਜਨ, ਕੱਪੜੇ ਧੋਣਾ, ਅਤੇ ਸਮਾਜਿਕ ਗਤੀਵਿਧੀਆਂ
- ਨਿੱਜੀ, ਕਲੀਨਿਕਲ, ਅਤੇ ਨਰਸਿੰਗ ਦੇਖਭਾਲ - ਤੁਹਾਡੀ ਲੋੜ ਅਨੁਸਾਰ
- ਰਾਹਤ

## ਸਥਾਨਕ ਸਰਕਾਰ

### ਕਾਰਡੀਨੀਆ ਸ਼ਾਇਰ ਕੌਂਸਲ

**ਵਿਸ਼ਵ ਸਿਹਤ ਸੰਗਠਨ ਦੁਆਰਾ ਮਾਨਤਾ ਪ੍ਰਾਪਤ ਇੱਕ ਉਮਰ ਅਨੁਕੂਲ ਸ਼ਹਿਰ ਹੋਣ 'ਤੇ ਮਾਣ ਹੈ**

**ਵਸਨੀਕਾਂ ਨੂੰ ਚੰਗੀ ਉਮਰ ਲਈ ਸਹਾਇਤਾ ਕਰਦੀ ਹੈ:**

- ਬਿਰਦ ਵਸਨੀਕਾਂ ਨੂੰ ਸਿਹਤਮੰਦ, ਕਿਰਿਆਸ਼ੀਲ ਰਹਿਣ, ਸਮਾਜਿਕ ਤੌਰ 'ਤੇ ਜੁੜੇ ਰਹਿਣ ਅਤੇ ਭਾਈਚਾਰੇ ਵਿੱਚ ਪੂਰੀ ਤਰ੍ਹਾਂ ਭਾਗ ਲੈਣ ਵਿੱਚ ਸਹਾਇਤਾ ਕਰਨਾ
- ਸਾਡੇ ਸੀਨੀਅਰ ਸਿਟੀਜ਼ਨ ਗਰੁੱਪਾਂ ਦਾ ਸਮਰਥਨ ਕਰਨਾ
- ਕਾਰਡੀਨੀਆ ਸੀਨੀਅਰਜ਼ ਨੈਟਵਰਕ ਦੀ ਮੇਜ਼ਬਾਨੀ ਕਰਨਾ ਜਿਸ ਵਿੱਚ ਭਾਈਚਾਰਕ ਸਮੂਹਾਂ ਅਤੇ ਸੰਗਠਨਾਂ ਦੀ ਇੱਕ ਵਿਸ਼ਾਲ ਲੜੀ ਦੀ ਨੁਮਾਇੰਦਗੀ ਹੋਵੇ
- ਸਹਾਇਕ ਜਾਣਕਾਰੀ, ਸਰੋਤਾਂ ਅਤੇ ਮੌਕਿਆਂ ਨੂੰ ਉਤਸ਼ਾਹਿਤ ਕਰਨਾ ਅਤੇ ਸਾਂਝਾ ਕਰਨਾ

**ਮੇਰੀ ਬੁਢੇਪਾ ਦੇਖਭਾਲ**
**ਫ਼ੋਨ ਨੰਬਰ:** 1800 200 422
**ਵੈਬਸਾਈਟ:** www.myagedcare.gov.au

**ਕਾਰਡੀਨੀਆ ਸ਼ਾਇਰ ਕੌਂਸਲ**
**ਫ਼ੋਨ ਨੰਬਰ:** 1300 787 624
**ਵੈਬਸਾਈਟ:** www.cardinia.vic.gov.au/ageingwell

# ਨੌਜਵਾਨਾਂ ਲਈ ਹੋਮ ਐਂਡ ਕਮਿਊਨਿਟੀ ਕੇਅਰ ਪ੍ਰੋਗਰਾਮ (ਐਚਏਸੀਸੀ – ਪੀਵਾਈਪੀ)

ਇਹ ਪ੍ਰੋਗਰਾਮ ਅਪਾਹਜ ਲੋਕਾਂ ਨੂੰ ਯਥਾ-ਸੰਭਵ ਘਰੇ ਸੁਤੰਤਰ ਰਹਿਣ ਲਈ ਬੁਨਿਆਦੀ ਸਹਾਇਤਾ ਅਤੇ ਘਰੇਲੂ ਸਾਂਭ-ਸੰਭਾਲ ਸੇਵਾਵਾਂ ਪ੍ਰਦਾਨ ਕਰਦਾ ਹੈ|

## ਯੋਗ ਹੋਣ ਲਈ, ਤੁਹਾਡੇ ਲਈ ਲਾਜ਼ਮੀ ਹੈ:

- ਉਮਰ 65 ਸਾਲ ਤੋਂ ਘੱਟ ਅਤੇ ਕੋਈ ਅਪੰਗਤਾ ਹੋਵੇ ਜਾਂ ਅਪੰਗਤਾ ਵਾਲੇ ਕਿਸੇ ਵਿਅਕਤੀ ਦੀ ਦੇਖਭਾਲ ਕਰਨੀ ਹੋਵੇ , ਜਾਂ
- ਆਦੀਵਾਸੀ ਅਤੇ ਉਮਰ 50 ਸਾਲ ਤੋਂ ਘੱਟ ਦੇ ਅਤੇ ਅਪੰਗਤਾ ਹੋਵੇ ਜਾਂ ਅਪੰਗਤਾ ਵਾਲੇ ਕਿਸੇ ਵਿਅਕਤੀ ਦੀ ਦੇਖਭਾਲ ਕਰਨੀ ਹੋਵੇ, ਅਤੇ
- ਸਹਾਇਤਾ ਤੋਂ ਬਿਨਾਂ ਆਪਣੀ ਸੁਤੰਤਰਤਾ ਗੁਆਉਣ ਅਤੇ ਹੋਰ ਪ੍ਰੋਗਰਾਮਾਂ ਵਲੋਂ ਸਮਾਨ ਸਹਾਇਤਾ ਤੱਕ ਨਾ ਪਹੁੰਚ ਸਕਣ ਦਾ ਖ਼ਤਰਾ ਹੋਵੇ।

## ਉਪਲਬਧ ਸੇਵਾਵਾਂ:

- ਘਰੇਲੂ ਸੇਵਾਵਾਂ ਜਿਵੇਂ ਕਿ ਨਿੱਜੀ ਦੇਖਭਾਲ, ਘਰੇਲੂ ਸਹਾਇਤਾ, ਅਤੇ ਜਾਇਦਾਦ ਦੀ ਸਾਂਭ-ਸੰਭਾਲ।
- ਭਾਈਚਾਰਕ ਸੇਵਾਵਾਂ ਵਿੱਚ ਆਵਾਜਾਈ, ਗਰੁੱਪ ਗਤੀਵਿਧੀਆਂ, ਭੋਜਨ ਸੇਵਾਵਾਂ ਅਤੇ ਰਾਹਤ।

## ਵਧੇਰੇ ਜਾਣਕਾਰੀ:

### ਕਾਰਡੀਨੀਆ ਸ਼ਾਇਰ ਲਈ ਸਥਾਨਕ ਸਹਾਇਤਾ

ਐਚਏਸੀਸੀ – ਪੀਵਾਈਪੀ ਲਈ ਪੁੱਛਗਿੱਛ ਕਰੋ ਜਾਂ ਅਰਜ਼ੀ ਦਿਓ:
**ਮੈਕਵਾਕੇਅਰ ਸਾਊਥ ਈਸਟ ਰੀਜਨ ਸਰਵਿਸ ਇੰਟੇਕ ਟੀਮ**

**ਫ਼ੋਨ ਨੰਬਰ:** 03 8573 4980
**ਈਮੇਲ:** intake@mecwacare.org.au

### ਸਿਹਤ ਵਿਭਾਗ

ਐਚਏਸੀਸੀ ਪੀਵਾਈਪੀ ਨੂੰ ਵਿਕਟੋਰੀਅਨ ਸਿਹਤ ਵਿਭਾਗ ਦੁਆਰਾ ਫੰਡ ਅਤੇ ਪ੍ਰਬੰਧਨ ਕੀਤਾ ਜਾਂਦਾ ਹੈ।

**ਈਮੇਲ:** HACC-PYP@health.vic.gov.au
**ਵੈੱਬ:** https://www.health.vic.gov.au/home-and-community-care/hacc-program-for-younger-people

# ਸੰਪਰਕ ਸੂਚੀ

| | | |
|---|---|---|
| **ਮੇਰੀ ਬੁਢੇਪਾ ਦੇਖਭਾਲ** | ਬਿਰਦ ਲੋਕਾਂ ਨੂੰ ਆਪਣੀਆਂ ਲੋੜਾਂ ਲਈ ਸਹੀ ਸਰਕਾਰੀ ਫੰਡ ਪ੍ਰਾਪਤ ਬੁਢੇਪਾ ਦੇਖਭਾਲ ਸੇਵਾਵਾਂ ਲੱਭਣ ਅਤੇ ਉਨ੍ਹਾਂ ਤੱਕ ਪਹੁੰਚਣ ਲਈ ਸਹਾਇਤਾ ਕਰਦੀ ਹੈ | **ਮੇਰੀ ਬੁਢੇਪਾ ਦੇਖਭਾਲ**<br>ਫ਼ੋਨ ਨੰਬਰ: 1800 200 422<br>ਵੈੱਬਸਾਈਟ: www.myagedcare.gov.au |
| **ਸਥਾਨਕ ਕੌਂਸਲ** | ਲੋਕਾਂ ਦੀ ਚੰਗੀ ਉਮਰ ਵਿੱਚ ਸਹਾਇਤਾ ਲਈ ਬਹੁਤ ਸਾਰੀਆਂ ਸੇਵਾਵਾਂ, ਸਮਾਗਮਾਂ ਅਤੇ ਗਤੀਵਿਧੀਆਂ ਪ੍ਰਦਾਨ ਕਰਦੀ ਹੈ - ਸਰੀਰਕ ਅਤੇ ਮਾਨਸਿਕ ਸਿਹਤ ਨੂੰ ਬਣਾਈ ਰੱਖਣ ਲਈ, ਸੁਰੱਖਿਆ ਅਤੇ ਹਿਫਾਜ਼ਤ ਲਈ, ਭਾਈਚਾਰੇ ਵਿੱਚ ਸ਼ਾਮਲ ਹੋਣ ਲਈ, ਅਤੇ ਦੂਜਿਆਂ ਨਾਲ ਜੁੜੇ ਰਹਿਣ ਲਈ\| | **ਕਾਰਡੀਨੀਆ ਸ਼ਾਇਰ ਕੌਂਸਲ**<br>ਫ਼ੋਨ ਨੰਬਰ: 1300 787 624<br>ਈਮੇਲ: ageingwell@cardinia.vic.gov.au<br>ਵੈੱਬਸਾਈਟ: www.cardinia.vic.gov.au/ageingwell |
| **ਸਥਾਨਕ ਦੇਖਭਾਲ ਲੱਭਣ ਵਾਲੀ ਸੇਵਾ** | ਕੇਅਰ ਫਾਈਂਡਰ ਇੱਕ ਮੁਫਤ ਸੇਵਾ ਹੈ ਜੋ ਲੋਕਾਂ ਨੂੰ ਬੁਢੇਪਾ ਦੇਖਭਾਲ 'ਤੇ ਨੇਵੀਗੇਟ ਅਤੇ ਐਕਸੈਸ ਕਰਨ ਲਈ ਫੇਸ-ਟੂ-ਫੇਸ ਸਹਾਇਤਾ ਕਰਦੀ ਹੈ।<br><br>ਇੱਕ ਦੇਖਭਾਲ ਲੱਭਣ ਵਾਲੀ ਟੀਮ ਦਾ ਮੈਂਬਰ ਕਿਸੇ ਵਿਅਕਤੀ ਨੂੰ ਉਸ ਦੀਆਂ ਲੋੜੀਦੀਆਂ ਸੇਵਾਵਾਂ ਲੱਭਣ, ਮੁਲਾਕਾਤਾਂ ਵਿੱਚ ਸ਼ਾਮਲ ਹੋਣ ਅਤੇ ਮੇਰੀ ਬੁਢੇਪਾ ਦੇਖਭਾਲ ਦੇ ਅਸੈਸਮੈਂਟ ਪ੍ਰੋਸੈਸ ਵਿੱਚ ਸਹਾਈ ਹੋਵੇਗਾ\|<br><br>**ਇੱਥੇ ਸੂਚੀਬੱਧ ਸੰਸਥਾਵਾਂ ਵਿੱਚੋਂ ਕਿਸੇ ਨੂੰ ਕਾਲ ਕਰੋ ਅਤੇ ਦੇਖਭਾਲ ਲੱਭਣ ਵਾਲੀ ਟੀਮ ਵਿੱਚੋਂ ਕਿਸੇ ਨਾਲ ਗੱਲ ਕਰਨ ਲਈ ਕਹੋ।** | **ਕੇਅਰ ਕਨੈਕਟ**<br>ਫ਼ੋਨ ਨੰਬਰ: 1800 940 633<br>ਈਮੇਲ: carefinderenquiries@careconnect.org.au<br><br>**ਮੋਨੈਸ਼ ਹੈਲਥ**<br>ਫ਼ੋਨ ਨੰਬਰ: 03 9792 7747<br>ਈਮੇਲ: communitysupportoptions@monashhealth.org<br><br>**ਵਿੰਟਰਿੰਘਮ**<br>ਫ਼ੋਨ ਨੰਬਰ: 03 9034 4824<br>ਈਮੇਲ: adviceandinfo@wintringham.org.au |